# SINTESI CONTRATTO NAZIONALE METALMECCANICI - PUNJABI

ਕੋਨਤਰਾਤੋ ਨਾਸੀਉਨਾਲੇ ਮੇਤਾਲਮੇਕਾਨਿਕਾ (ਫੇਦਰਮਕੈਨਿਕਾ ਨੂੰ ਰੀਨਿਉ ਕਰਨ ਬਾਰੇ) ਦਾ ਅਨੁਮਾਨ

ਇਸ ਕੋਨਤਰਾਤੋ ਦੇ ਪੁੰਆਇਟ ਹੇਠਾ ਲਿਖੇ ਹਨ ਇਸ ਕੋਨਤਰਾਤੋ ਦੀ ਰਜਾਮੰਦੀ ਵਿਚ ਅਸੀ ਵਿਦੇਸ਼ੀਆ ਲਈ ਕਈ ਮੰਗਾ ਕੀਤੀਆ ਹਨ . ਇਸ ਵਿਚ ਅਸੀ ਵਿਦੇਸ਼ੀਆ ਨੂੰ ਪਰਮੇਸੋ ਸੋਜੋਰਨੋ ਛੇਤੀ ਮਿਲਣ ਬਾਰੇ ਗ`ਲ ਕੀਤੀ ਹੈ . ਵਿਦੇਸ਼ੀਆ ਲਈ ਕੋਈ ਵੀ ਲਿਖਤ ਕਾਰਵਾਹੀ ਬਾਰੇ ਕੰਮ ਅਸਾਨ ਕੀਤਾ ਜਾਵੇ.

RLS ਵਾਲਿਆ ਨੂੰ ਕੁਝ ਜਿਆਦਾ ਪਾਵਰ ਮਿਲੇਗੀ. ਇਸ ਵਿਚ ਫੈਕਟਰੀ ਵਾਲਿਆ ਨੂੰ ਉਹਨਾ ਦੇ ਮਾਲਕਾ ਵਲੋ ਇਨਫੋਰਤੂਨੀਉ ਬਾਰੇ ਸਾਰੀ ਇਨਫੋਰਮੇਸ਼ਨ ਮਿਲੇਗੀ, ਜਿਵੇ ਕਿ ਕਿੰਨੇ ਬੰਦਿਆ ਦੇ ਸ`ਟ ਲ`ਗੀ ਹੈ, ਕਿਵੇ ਲ`ਗੀ ਹੈ ਅਤੇ ਕਿਥੇ ਲ`ਗੀ ਹੈ. ਜਿੰਨਾ ਫੈਕਟਰੀਆ ਵਿਚ 50 ਤੋ ਲੈ ਕੇ 100 ਬੰਦੇ ਹਨ ਉਹਨਾ ਵਿਚ RLS ਵਾਲਿਆ ਨੂੰ 50 ਘੰਟੇ ਮਿਲਣਗੇ ਅਤੇ ਜਿੰਨਾ ਫੈਕਟਰੀਆ ਵਿਚ 100 ਤੋ ਜਿਆਦਾ ਬੰਦੇ ਹਨ ਉਹਨਾ ਨੂੰ 70 ਘੰਟੇ ਮਿਲਣਗੇ .

ਹੋਰ ਫੈਕਟਰੀਆ ਵਿਚ 44 ਮਹੀਨਿਆ ਦੀ ਲਿਮਟ ਰ`ਖੀ ਗਈ ਹੈ . ਜਿਸ ਬੰਦੇ ਨੇ ਇਕ ਫੈਕਟਰੀ ਵਿਚ 44 ਮਹੀਨੇ ਕੰਮ ਕੀਤਾ ਹੈ , ਭਾਵੇ ਉਸਨੇ ਲਗਾਤਾਰ ਨਾ ਕੀਤਾ ਹੋਵੇ ਉਸ ਨੂੰ ਫੈਕਟਰੀ ਵਿਚ ਪ`ਕਾ ਕੰਮ ਮਿਲਣ ਦਾ ਹ`ਕ ਮਿਲੇ.

1 ਜਨਵਰੀ 2009 ਤੋ ਬੂਸਤੇ ਬਣਾਉਣ ਦਾ ਸਿਸਟਮ ਬਦਲ ਜਾਵੇਗਾ. ਜਿਸ ਸਿਸਟਮ ਨਾਲ IMPIEGATI ਨੂੰ ਬੂਸਤੇ ਮਿਲਦੇ ਹਨ ਉਸੇ ਸਿਸਟਮ ਅਨੁਸਾਰ OPERAI ਨੂੰ ਵੀ ਮਿਲਣ . ਉਸੇ ਤਰ੍ਹਾਂ ਸਕਾਤੀਆ ਦਾ ਵੀ ਸਿਸਟਮ ਬਦਲਿਆ ਜਾਵੇਗਾ . ਪਹਿਲੇ ਸਿਸਟਮ ਅਨੁਸਾਰ ਜਿਹੜਾ ਕਾਮਾ ਤੀਸਰੇ ਲੈਵਲ ਤੋ ਚੌਥੇ ਲੈਵਲ ਤ`ਕ ਪਹੁੰਚਦਾ ਸੀ ਉਸ ਦੀਆ ਸਕਾਤੀਆ ਕੈਨਸਲ ਹੋ ਜਾਦੀਆਂ ਸੀ ਪਰ ਨਵੇ ਸਿਸਟਮ ਅਨੁਸਾਰ ਇਹ ਸਕਾਤੀਆ ਕੈਨਸਲ ਨਹੀ ਹੋਣਗੀਆ.

1 ਜਨਵਰੀ 2008 ਤੋ ਜੋ ਕਿ ਇਕ ਵਿਦੇਸ਼ੀ ਕਾਮਾ 10 ਸਾਲ ਤੋ ਇਕ ਹੀ ਫੈਕਟਰੀ ਵਿਚ ਕੰਮ ਕਰਦਾ ਹੈ ਉਸਨੂੰ ਇਕ ਦਿਨ ਦਾ ਫੈਰੀਆ ਵਾਧੂ ਮਿਲੇਗਾ ਅਤੇ ਜੋ 18 ਸਾਲ ਤੋ ਕੰਮ ਕਰ ਰਿਹਾ ਹੈ ਉਸ ਨੂੰ ਇਕ ਹਫਤਾ ਫੈਰੀਆ ਦਾ ਵਾਧੂ ਮਿਲੇਗਾ

ਲਾਅ ਨੰਬਰ 5 ਦੇ ਅਨੁਸਾਰ ਹਫਤੇ ਵਿਚ ਕੰਮ ਦੇ 40 ਘੰਟੇ ਰਹਿਣਗੇ , ਨਾ ਕਿ ਜਿਵੇ ਫੈਕਟਰੀ ਦੇ ਮਾਲਕਾ ਨੇ ਮੰਗਿਆ ਸੀ ਕਿ ਲਾਅ ਨੰਬਰ 5 ਕੈਨਸਲ ਕੀਤਾ ਜਾਵੇ ਅਤੇ 66 ਨੰਬਰ ਲਾਗੂ ਕੀਤਾ ਜਾਵੇ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਫੈਕਟਰੀ ਦੇ ਕੰਮ ਦੀ ਲੋੜ (ਡਿਮਾਡ) ਅਨੁਸਾਰ ਘੰਟੇ ਲਾਏ ਜਾਣ.

300 € ਜੋ ਕਿ UNA TANTUM ਮਾਰਚ 2008 ਵਿਚ ਮਿਲੇਗਾ, ਇਹ ਸਾਰੇ ਲੈਵਲ ਵਾਲਿਆ ਲਈ ਬਰਾਬਰ ਹੈ ਅਤੇ ਸਾਰਿਆ ਨੂੰ ਮਿਲੇਗਾ.

ਫੇਦਰਮਕੈਨਿਕਾ (Federmeccanica) ਦੇ ਅਨੁਸਾਰ ਜੋ ਕੋਨਟਰੈਕਟ ਕੀਤਾ ਗਿਆ ਹੈ ਉਸਦੇ ਅਨੁਸਾਰ ਤਨਖਾਹਾ ਵਿਚ ਵਾਧਾ ਕੀਤਾ ਜਾਵੇਗਾ. ਕੁ`ਲ 127 € ਪੰਜਵੇ ਲੈਵਲ ਲਈ, 109 € ਤੀਜੇ ਲੈਵਲ ਲਈ. ਇਹਨਾ ਪੈਸਿਆ ਵਿਚ ਵਾਧਾ ਤਿੰਨ ਹਿਸਿਆ ਵਿਚ ਕੀਤਾ ਜਾਵੇਗਾ. 60 € ਜਨਵਰੀ 2008 ਵਿਚ ਵਧਣਗੇ, 37 € ਜਨਵਰੀ 2009 ਵਿਚ ਵਧਣਗੇ ਅਤੇ 30 € ਸਤੰਬਰ 2009 ਵਿਚ ਵਧਣਗੇ.

ਉਨੀਉ ਮਕੈਨਿਕਾ (Unionmeccanica) ਦੇ ਅਨੁਸਾਰ ਜੋ ਕੋਨਟਰੈਕਟ ਕੀਤਾ ਗਿਆ ਹੈ ਉਸਦੇ ਅਨੁਸਾਰ ਤਨਖਾਹਾ ਵਿਚ ਹੇਠਾ ਲਿਖੇ ਅਨੁਸਾਰ ਵਾਧਾ ਕੀਤਾ ਜਾਵੇਗਾ :-

ਕੁ`ਲ 131€ ਪੰਜਵੇ ਲੈਵਲ ਲਈ, 113 € ਤੀਜੇ ਲੈਵਲ ਲਈ , ਇਹ ਤਿੰਨ ਹਿਸਿਆ ਵਿਚ ਦਿਤਾ ਜਾਵੇਗਾ . ਪਹਿਲਾ ਹਿਸਾ 60 € ਜਨਵਰੀ 2008 ਵਿਚ ਵਧਣਗੇ, 37 € ਜਨਵਰੀ 2009 ਵਿਚ ਵਧਣਗੇ ਅਤੇ 34 € ਸਤੰਬਰ 2009 ਵਿਚ ਵਧਣਗੇ. ਇਹ ਕੋਨਤਰਾਤੋ 30 ਮਹੀਨਿਆ ਦਾ ਹੈ